بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 04.10.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਲਸੇ ਦੇ ਉਦੇਸ਼ਿਆਂ ਨੂੰ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ ਆਖ਼ਰਤ (ਪਰਲੈ) ਦੀ ਫਿਕਰ ਹੋਵੇ, ਰੱਬ ਦਾ ਖ਼ੌਫ਼ ਪੈਦਾ ਹੋਵੇ, ਨਰਮ ਦਿਲੀ ਪੈਦਾ ਹੋਵੇ, ਆਪੋ ਵਿੱਚ ਪ੍ਰੇਮ ਤੇ ਭਾਈਚਾਰੇ ਦਾ ਵਾਤਾਵਰਨ ਪੈਦਾ ਹੋਵੇ, ਆਜਜ਼ੀ ਤੇ ਵਿਨਮ੍ਰਤਾ ਪੈਦਾ ਹੋਵੇ, ਸਚੱਾਈ ਉਪੱਰ ਸਿਥਿਰ ਹੋਵੇ ਅਤੇ ਧਰਮ ਦੀ ਸੇਵਾ ਲਈ ਸਰਗਰਮ ਹੋਵੇ

**ਇਹਨਾਂ ਤਿੰਨਾ ਦਿਨਾ ਨੂੰ ਇਸ ਪ੍ਰਣ ਨਾਲ ਲੰਘਾਉਣ ਦੀ ਲੋੜ ਹੈ ਕਿ ਇਹ ਗਲੱਾਂ ਹੁਣ ਸਾਡੇ ਜੀਵਨ ਦਾ ਹਿਸੱਾ ਹਮੇਸ਼ਾ ਬਣੀਆਂ ਰਹਿਣਗੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 04 ਅਕਤੂਬਰ 2019 ਈ. ਨੂੰ ਜਲਸਾਗਾਹ ਫ਼੍ਰਾਂਸ, ਤਰ਼ੀ ਸ਼ਾਤੂ ਵਿੱਚ ਦਿਤੱਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਰੱਬ ਦੀ ਮਿਹਰ ਨਾਲ ਆਪਦਾ ਜਲਸਾ ਸਾਲਾਨਾ ਸ਼ੁਰੂ ਹੋ ਰਿਹਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਲਸੇ ਨੂੰ ਖ਼ਾਲਸ ਧਾਰਮਕ ਸਮਾਰੋਹ ਦਾ ਨਾਂ ਪ੍ਰਦਾਨ ਕੀਤਾ ਹੈ । ਸੋ, ਇਸ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ'ਤੇ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਧਾਰਮਕ ਵਿਦਿਅਕ ਤੇ ਆਤਮਕ ਬਿਹਤਰੀ ਤੇ ਤਰੱਕੀ ਲਈ ਅਸੀਂ ਅੱਜ ਇੱਥੇ ਇਕਤੱਰ ਹੋਏ ਹਾਂ ਅਤੇ ਤਿੰਨ ਦਿਨ ਇਸ ਸੋਚ ਨਾਲ ਨਾਲ ਅਤੇ ਇਸ ਵਿਚਾਰ ਨਾਲ ਇੱਥੇ ਇਕੱਠੇ ਰਹਾਂਗੇ ਕਿ ਕਿਵੇਂ ਅਸੀਂ ਆਪਣੀਆਂ ਧਾਰਮਕ ਵਿਦਿਅਕ ਤੇ ਆਤਮਕ ਹਾਲਤ ਨੂੰ ਚੰਗਾ ਕਰੀਏ । ਜੇਕਰ ਇਹ ਸੋਚ ਨਹੀਂ ਤਾਂ ਇੱਥੇ ਆਉਂਣਾ ਵਿਅਰਥ ਹੈ । ਅੱਜ ਦੇ ਇਸ ਦੌਰ ਵਿੱਚ ਜੱਦਕਿ ਦੁਨੀਆ ਰੱਬ ਨੂੰ ਭੁਲਾ ਰਹੀ ਹੈ, ਹਰ ਧਰਮ ਦਾ ਮੰਨ੍ਹਣ ਵਾਲਾ ਆਪਣੇ ਧਰਮ ਤੋਂ ਦੂਰ ਹੁੰਦਾ ਜਾ ਰਿਹਾ ਹੈ ਇੱਥੋਂ ਤੱਕ ਕਿ ਮੁਸਲਮਾਨਾ ਉਪੱਰ ਵੀ ਦੁਨੀਆਦਾਰੀ ਗ਼ਾਲਬ ਹੈ । ਅਜਿਹੇ ਸਮੇਂ ਜੇਕਰ ਅਸੀਂ ਵੀ ਆਪਣੀਆਂ ਹਾਲਤਾਂ ਨੂੰ ਚੰਗਾ ਬਨਾਉਣ ਵੱਲ ਧਿਆਨ ਨ ਦਿਆਂਗੇ ਤਾਂ ਸਾਡਾ ਮਸੀਹ ਮੌਊਦ ਦੀ ਬੈਅਤ ਵਿੱਚ ਆਉਂਣਾ ਇਕ ਦਿਖਾਵੇ ਦਾ ਐਲਾਨ ਹੈ ਜੋ ਆਤਮਾ ਤੋਂ ਸਖੱਣਾ ਹੈ । ਸਾਡਾ ਬੈਅਤ ਦਾ ਪ੍ਰਣ ਕੇਵਲ ਨਾਂ ਦਾ ਬੈਅਤ ਦਾ ਪ੍ਰਣ ਹੈ ਜਿਸਨੂੰ ਅਸੀਂ ਪੂਰਾ ਨਹੀਂ ਕਰ ਰਹੇ । ਸਾਡਾ ਇੱਥੇ ਜਲਸੇ ਲਈ

ਇਕਤੱਰ ਹੋਣਾ ਇਕ ਸੰਸਾਰਕ ਮੇਲੇ ਵਿੱਚ ਇਕਤੱਰ ਹੋਣ ਵਾਂਗ ਹੈ । ਸੋ, ਹਰ ਅਹਮਦੀ ਲਈ ਇਹ ਬਹੁਤ ਹੀ ਸੋਚਣ ਦਾ ਅਸਥਾਨ ਹੈ ।

ਸੋ, ਜੇਕਰ ਅਸੀਂ ਆਪਣੇ ਬੈਅਤ ਦੇ ਪ੍ਰਣ ਨੂੰ ਪੂਰਾ ਕਰਨਾ ਹੈ ਆਪਣੀਆਂ ਨਸਲਾਂ ਨੂੰ ਬਚਾਉਂਣਾ ਹੈ ਤਾਂ ਫਿਰ ਉਹਨਾ ਉਦੇਸ਼ਿਆਂ ਨੂੰ ਸਾਹਮਣੇ ਰਖੱਣ ਦੀ ਲੋੜ ਹੈ ਜੋ ਜਲਸੇ ਦੇ ਆਯੋਜਨ ਦੇ ਹਨ । ਇਹਨਾ ਤਿੰਨਾ ਦਿਨਾਂ ਨੂੰ ਇਸ ਪ੍ਰਣ ਨਾਲ ਲੰਘਾਉਣ ਦੀ ਲੋੜ ਹੈ ਕਿ ਇਹ ਗਲੱਾਂ ਹੁਣ ਸਾਡੇ ਜੀਵਨ ਦਾ ਹਮੇਸ਼ਾ ਲਈ ਅੰਗ ਬਣ ਜਾਣਗੀਆਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਲਸੇ ਦੇ ਉਦੇਸ਼ਿਆਂ ਨੂੰ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ ਆਖ਼ਰਤ ਦੀ ਫ਼ਿਕਰ ਹੋਵੇ, ਰੱਬ ਦਾ ਖ਼ੌਫ਼ ਪੈਦਾ ਹੋਵੇ, ਤਕਵਾ (ਸੰਜਮਤਾ) ਉਹਨਾ ਵਿੱਚ ਪੈਦਾ ਹੋਵੇ, ਨਰਮ ਦਿਲੀ ਉਹਨਾਂ ਵਿੱਚ ਪੈਦਾ ਹੋਵੇ, ਆਪਸ ਵਿੱਚ ਪ੍ਰੇਮ ਤੇ ਭਾਈਚਾਰੇ ਦਾ ਵਾਤਾਵਰਣ ਪੈਦਾ ਹੋਵੇ, ਆਜਜ਼ੀ ਤੇ ਵਿਨਮ੍ਰਤਾ ਪੈਦਾ ਹੋਵੇ, ਸਚੱਾਈ'ਤੇ ਕਾਇਮ ਹੋਣ ਅਤੇ ਧਰਮ ਦੀ ਸੇਵਾ ਲਈ ਹਰ ਸਮੇਂ ਸਰਗਰਮ ਹੋਣ ।

ਸੋ, ਇਹ ਹੈ ਅੱਜ ਸਾਡਾ ਇੱਥੇ ਇਕਤੱਰ ਹੋਣ ਦਾ ਉਦੇਸ਼ । ਆਪ ਦੇ ਮੰਨ੍ਹਣ ਵਾਲੇ ਹਰ ਪੁਰੁਸ਼ ਇਸਤਰੀ, ਜੁਆਨ ਤੇ ਬੁੱਢੇ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਫ਼ਰਮਾਨਾਂ ਅਨੁਸਾਰ ਆਖ਼ਰਤ ਦੀ ਇੱਥੋਂ ਤੱਕ ਫਿਕਰ ਹੋਣੀ ਚਾਹੀਦੀ ਹੈ ਕਿ ਦੁਨੀਆਂ ਦੀਆਂ ਚੀਜ਼ਾਂ ਇਸ ਦੇ ਮੁਕਾਬਲੇ ਵਿੱਚ ਕੁਝ ਵੀ ਮਹਤੱਾ ਨ ਰਖੱਦੀ ਹੋਵੇ । ਇਸ ਭੌਤਕ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਇਹ ਬਹੁਤ ਵਡੱਾ ਕੰਮ ਹੈ, ਇਕ ਬਹੁਤ ਵਡੱਾ ਚੈਲੰਜ ਹੈ ਜਿਸ ਨੂੰ ਪੂਰਾ ਕਰਨ ਲਈ ਬਹੁਤ ਵੱਡੇ ਸੰਘਰਸ਼ ਦੀ ਲੋੜ ਹੈ । ਆਖ਼ਰਤ ਦੀ ਫ਼ਿਕਰ ਫਿਰ ਹੀ ਹੋ ਸਕਦੀ ਹੈ ਜੱਦ ਰੱਬ ਦੇ ਵੁਜੂਦ ਉਪੱਰ ਪੂਰਾ ਵਿਸ਼ਵਾਸ਼ ਹੋਵੇ ਅਤੇ ਇਸ ਗੱਲ'ਤੇ ਵਿਸ਼ਵਾਸ਼ ਹੋਵੇ ਕਿ ਇਹ ਜੀਵਨ ਤਾਂ ਕੁਝ ਸਾਲ ਹੈ । ਸੂਝਵਾਨ ਵਿਅਕਤੀ ਉਹੋ ਹੈ ਜੋ ਆਰਜ਼ੀ ਚੀਜ਼ ਨੂੰ ਸਦੈਵੀ ਚੀਜ਼ ਲਈ ਕੁਰਬਾਨ ਕਰ ਦੇਵੇ, ਪਰ ਹੁੰਦਾ ਇਹ ਹੈ ਕਿ ਅਸੀਂ ਇਸ ਆਰਜ਼ੀ ਚੀਜ਼'ਤੇ ਇਸ ਆਰਜ਼ੀ ਜੀਵਨ'ਤੇ ਇਸ ਜੀਵਨ ਨੂੰ ਕੁਰਬਾਨ ਕਰ ਦਿੰਦੇ ਹਾਂ ਅਤੇ ਅਜਿਹਾ ਕਰਕੇ ਆਪਣੇ ਆਪਨੂੰ ਇਹ ਦੁਨੀਆਦਾਰ ਬਹੁਤ ਵਡੱਾ ਸੂਝਵਾਨ ਸਮਝਦੇ ਹਨ । ਪਰ ਇਕ ਮੋਮਿਨ ਇਸ ਦੇ ਵਿਪਰੀਤ ਕਰਦਾ ਹੈ ਅਤੇ ਕਰਨਾ ਚਾਹੀਦਾ ਹੈ । ਫਿਰ ਹੀ ਮੋਮਿਨ ਅਖਵਾ ਸਕਦਾ ਹੈ । ਉਹ ਆਪਣੇ ਦਿਲ ਵਿੱਚ ਰੱਬ ਦਾ ਖ਼ੌਫ਼ ਰਖੱਦਾ ਹੈ, ਰੱਬ ਦਾ ਡਰ ਉਸਦੇ ਮਨ ਵਿੱਚ ਹੁੰਦਾ ਹੈ । ਰੱਬ ਦਾ ਪ੍ਰੇਮ ਸਾਰੀ ਦੁਨੀਆ ਦੇ ਪ੍ਰੇਮ ਉਪੱਰ ਗ਼ਾਲਬ ਆ ਜਾਂਦਾ ਹੈ । ਰੱਬ ਦਾ ਖ਼ੌਫ਼ ਇਸ ਲਈ ਨਹੀਂ ਹੁੰਦਾ ਕਿ ਦੰਡ ਮਿਲੇਗਾ ਸਗੋਂ ਇਸ ਲਈ ਹੈ ਕਿ ਮੇਰਾ ਪਿਆਰਾ ਰੱਬ ਮੈਥੋਂ ਨਰਾਜ਼ ਨ ਹੋ ਜਾਏ ਅਤੇ ਜੱਦ ਇਹ ਪ੍ਰੇਮ ਦੀਆਂ ਭਾਵਨਾਵਾਂ ਹੋਣਗੀਆਂ ਤਾਂ ਮਨੁੱਖ ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਨ ਦਾ ਵੀ ਜਤਨ ਕਰਦਾ ਹੈ ।

ਸੋ, ਇਹਨਾ ਗਲੱਾਂ ਦੀ ਆਤਮਾ ਦੀ ਲੋੜ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਡੇ ਵਿੱਚ ਪੈਦਾ ਕਰਨਾ ਚਾਹੁੰਦੇ ਹਨ ਕਿ ਦਿਖਾਵੇ ਦੇ ਖ਼ੋਲ ਨ ਹੋਣ ਸਗੋਂ ਰੂਹ ਹੋਵੇ, ਮਗਜ਼ ਹੋਵੇ । ਇਹਨਾ ਗਲੱਾਂ ਨੰ ਸਾਹਮਣੇ ਰੱਖਦਿਆਂ ਹੋਇਆਂ ਸਾਨੂੰ ਆਪਣੇ ਜਾਇਜ਼ੇ ਲੈਂਣ ਦੀ ਲੋੜ ਹੈ ਕਿ ਕੀ ਅਸੀਂ ਇਸ ਨੀਯੱਤ ਨਾਲ ਜਲਸੇ ਵਿੱਚ ਸ਼ਾਮਲ ਹੋ ਰਹੇ ਹਾਂ ਅਤੇ ਆਪਣੇ ਅੰਦਰ ਇਹਨਾ ਉਦੇਸ਼ਿਆਂ ਨੂੰ ਹਾਸਲ ਕਰਨ ਦੀ ਤੜਪ ਆਪਣੇ ਅੰਦਰ ਰਖੱਦੇ ਹਾਂ ? ਜੇਕਰ ਮਨੁੱਖੀ ਕਮਜ਼ੋਰੀਆਂ ਕਰਕੇ ਭੂਤਕਾਲ ਵਿੱਚ ਸਾਡੇ ਕੋਲੋਂ ਇਹਨਾਂ ਗਲੱਾਂ ਦੀ ਪ੍ਰਾਪਤੀ ਵਿੱਚ ਕੁਤਾਹੀਆਂ ਤੇ ਗ਼ਲਤੀਆਂ ਹੋ ਗਈਰਆਂ ਹਨ ਤਾਂ ਭਵਿੱਖ ਵਿੱਚ ਸਾਨੂੰ ਇਕ ਨਵੇਂ ਨਿਸ਼ਚੇ ਨਾਲ ਇਹਨਾ ਨੇਕੀਆਂ ਨੂੰ ਪੈਦਾ ਕਰਨਾ ਤੇ ਇਹਨਾ ਨੂੰ ਕਾਇਮ ਰਖੱਣ ਦਾ ਜਿੱਥੋਂ ਤੱਕ ਹੋ ਸਕੇ ਜਤਨ ਕਰਨਾ ਚਾਹੀਦਾ ਹੈ ਅਤੇ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਦੁਨੀਆਂ ਤੋਂ ਵੱਧ ਆਖ਼ਰਤ ਦੀ ਚਿੰਤਾ ਕਰਨ ਵਾਲੇ ਹੋਈਏ । ਅਸੀਂ ਰੱਬ ਦੇ ਖ਼ੌਫ਼ ਅਤੇ ਉਸਦੇ ਡਰ ਅਤੇ ਉਸ ਦੇ ਪ੍ਰੇਮ

ਨੂੰ ਹਰ ਚੀਜ਼ ਉਪੱਰ ਪ੍ਰਾਥਮਿਕਤਾ ਦਿਆਂਗੇ । ਅਸੀਂ ਤਕਵਾ (ਸੰਜਮਤਾ) ਦੇ ਸੂਖਮ ਮਾਰਗਾਂ ਉਪੱਰ ਜਿੱਥੋਂ ਤੱਕ ਹੋ ਸਕੇ ਚਲੱਣ ਨਾ ਜਤਨ ਕਰਾਂਗੇ । ਅਸੀਂ ਆਪਣੇ ਦਿਲਾਂ ਵਿੱਚ ਦੂਜਿਆਂ ਲਈ ਨਰਮੀ ਪੈਦਾ ਕਰਾਂਗੇ । ਅਸੀਂ ਆਪਸ ਵਿੱਚ ਪ੍ਰੇਮ ਤੇ ਭਾਈਚਾਰੇ ਨੂੰ ਐਨ੍ਹਾ ਵਧਾਵਾਂਗੇ ਕਿ ਇਹ ਪ੍ਰੇਮ ਅਤੇ ਭਾਈਚਾਰਾ ਇਕ ਉਧਾਰਣ ਬਣ ਜਾਏ । ਆਜਜ਼ੀ, ਵਿਨਮ੍ਰਤਾ ਤੇ ਪ੍ਰਾਹੁਣਾਚਾਰੀ ਵਿੱਚ ਵਧੱਣ ਵਾਲੇ ਬਣਾਗੇ । ਸਚੱਾਈ ਤੇ ਸੱਚੀਆਂ ਗਲੱਾਂ ਸਾਡੀ ਇਕ ਵਿਸ਼ੇਸ਼ਤਾ ਬਣ ਜਾਏਗਾ ਕਿ ਹਰ ਇਕ ਕਹੇਗਾ ਕਿ ਇਹ ਅਹਮਦੀ ਹਨ ਜੋ ਹਮੇਸ਼ਾ ਸੱਚ'ਤੇ ਕਾਇਮ ਰਹਿੰਦੇ ਹਨ ਤੇ ਸੱਚ ਬੋਲਦੇ ਹਨ ਅਤੇ ਇਸ ਦੇ ਲਈ ਵੱਡੇ ਤੋਂ ਵਡਾੱ ਨੁਕਸਾਨ ਵੀ ਝੱਲ ਲੈਂਦੇ ਹਨ । ਰੱਬ ਦੇ ਦੀਨ ਦੇ ਸੰਦੇਸ਼ ਨੂੰ ਆਪਣੇ ਵਾਤਾਵਰਣ ਦੇ ਹਰ ਵਿਅਕਤੀ ਤੱਕ ਪਹੁੰਚਾਉਣ ਦਾ ਜਤਨ ਕਰਨਗੇ । ਉਹਨਾ ਨੂੰ ਦਸੱਣਗੇ ਕਿ ਹਕੀਕੀ ਇਸਲਾਮ ਕੀ ਹੈ । ਜੇਕਰ ਅਸੀਂ ਆਪਣੇ ਇਸ ਪ੍ਰਣ ਨੂੰ ਪੂਰਾ ਕਰਨ ਵਾਲੇ ਬਣ ਗਏ ਤਾਂ ਨਿਸ਼ਚੇ ਹੀ ਅਸੀਂ ਬੈਅਤ ਦਾ ਪ੍ਰਣ ਪੂਰਾ ਕਰ ਲਿਆ ।

ਸੋ, ਆਓ ਅੱਜ ਇਹਨਾ ਗਲੱਾਂ ਦੀ ਪ੍ਰਾਪਤੀ ਆਪਣਾ ਫ਼੍ਰੇਮਵਰਕ ਬਣਾਈਏ । ਆਖ਼ਰਤ ਦੀ ਫ਼ਿਕਰ ਅਤੇ ਰੱਬ ਦਾ ਖ਼ੌਫ਼ ਰਖੱਣ ਵਾਲਾ ਸਭ ਤੋਂ ਪਹਿਲਾਂ ਆਪਣੀ ਇਬਾਦਤ ਦੀ ਸੁਰੱਖਿਆ ਵੱਲ ਧਿਆਨ ਕਰਦਾ ਹੈ ਕਿ ਰੱਬ ਨੇ ਮੇਰੇ ਜੀਵਨ ਦਾ ਉਦੇਸ਼ ਕੀ ਰੱਖਿਆ ਹੈ । ਰੱਬ ਫ਼ਰਮਾਉਂਦਾ ਹੈ ਕਿ :

وَمَا خَلَقْتُ الْجِنَّ وَالْإِنْسَ إِلَّا لِيَعْبُدُونِ

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਦਾ ਅਰਥ ਇਸ ਪ੍ਰਕਾਰ ਕੀਤਾ ਹੈ ਕਿ, ਮੈਂ ਜਿੰਨ ਦੇ ਇਨਸਾਨ ਨੂੰ ਇਸ ਲਈ ਪੈਦਾ ਕੀਤਾ ਹੈ ਕਿ ਉਹ ਮੈਂਨੂੰ ਪਛਾਨਣ ਅਤੇ ਮੇਰੀ ਪ੍ਰਸਤਿਸ਼ (ਇਬਾਦਤ) ਕਰਨ । ਸੋ, ਇਸ ਆਇਤ ਦੇ ਪੱਖੋਂ ਮਨੁੱਖ ਦੇ ਜੀਵਨ ਦਾ ਮੂਲਮੁਦੱਾ ਰੱਬ ਦੀ ਪ੍ਰਸਤਿਸ਼ ਅਤੇ ਰੱਬ ਦੀ ਮਆਰਫ਼ਤ ਅਤੇ ਰੱਬ ਲਈ ਹੋ ਜਾਣਾ ਹੈ । ਸੋ, ਇਸ ਉਦੇਸ਼ ਨੂੰ ਪੂਰਾ ਕਰਨ ਲਈ ਰੱਬ ਨੇ ਜੋ ਸਾਨੂੰ ਇਬਾਦਤ ਅਤੇ ਪ੍ਰਸਤਿਸ਼ ਦਾ ਤਰੀਕਾ ਸਿਖਾਇਆ ਉਹ ਕੀ ਹੈ ? ਉਹ ਨਮਾਜ਼ ਦਾ ਕਾਇਮ ਕਰਨਾ ਹੈ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ

إِنَّ الصَّلٰوةَ كَانَتْ عَلَى الْمُؤْمِنِيْنَ كِتٰبًا مَّوْقُوْتًا

ਕਿ ਨਿਸ਼ਚੇ ਹੀ ਨਮਾਜ਼ ਮੋਮਿਨਾ ਉਪੱਰ ਸਮੇਂ ਦੀ ਪਾਬੰਦੀ ਨਾਲ ਫ਼ਰਜ਼ ਹੈ । ਇਸੇ ਪ੍ਰਕਾਰ ਰੱਬ ਫ਼ਰਮਾਉਂਦਾ ਹੈ ਕਿ

حٰفِظُوْا عَلَى الصَّلَوٰتِ وَالصَّلٰوةِ الْوُسْطٰى

ਕਿ ਸਾਰੀਆਂ ਨਮਾਜ਼ਾਂ ਦਾ ਅਤੇ ਵਿਸ਼ੇਸ਼ ਕਰਕੇ ਕੰਮ ਕਾਜ ਸਮੇਂ ਆਉਣ ਵਾਲੀਆਂ ਨਮਾਜ਼ਾਂ ਦਾ ਪੂਰਾ ਧਿਆਨ ਰੱਖੋ । ਸੋ, ਸਾਡੇ ਵਿੱਚੋਂ ਹਰ ਇਕ ਨੂੰ ਆਪਣੇ ਜਾਇਜ਼ੇ ਲੈਂਣ ਦੀ ਲੋੜ ਹੈ ਕਿ ਕੀ ਅਸੀਂ ਰੱਬ ਦੇ ਇਸ ਹੁਕੁਮ ਉਪੱਰ ਅਮਲ ਕਰ ਰਹੇ ਹਾਂ ? ਇਸੇ ਪ੍ਰਕਾਰ ਰੱਬ ਫ਼ਰਮਾਉਂਦਾ ਹੈ ਕਿ

إِنَّمَا يَعْمُرُ مَسٰجِدَ اللّٰهِ مَنْ اٰمَنَ بِاللّٰهِ وَالْيَوْمِ الْاٰخِرِ

ਰੱਬ ਫ਼ਰਮਾਉਂਦਾ ਹੈ ਕਿ ਰੱਬ ਦੀ ਮਸਜਿਦ ਨੂੰ ਉਹੋ ਲੋਕ ਅਬਾਦ ਕਰਦੇ ਹਨ ਜੋ ਰੱਬ ਅਤੇ ਆਖ਼ਰਤ ਦੇ ਦਿਨ ਉਪੱਰ ਇਮਾਨ ਰਖੱਦੇ ਹਨ । ਉਂਝ ਕਹਿਣ ਨੂੰ ਤਾਂ ਅਸੀਂ ਸਾਰੇ ਹੀ ਆਪਣੇ ਆਪਨੂੰ ਇਮਾਨ ਵਾਲਾ ਕਹਿੰਦੇ ਹਾਂ ਪਰ ਰੱਬ ਅਤੇ ਉਸਦੇ ਰਸੂਲ ਨੇੜੇ ਮੋਮਿਨ ਉਹ ਹੈ ਜੋ ਰੱਬ ਦੇ ਘਰ ਨੂੰ ਆਬਾਦ ਰਖੱਦੇ ਹਨ । ਇਥੇ ਇਹ ਵੀ ਸਪਸ਼ਟ ਹੋ ਗਿਆ ਕਿ ਮਸਜਿਦ ਵਿੱਚ ਆਉਣਾ ਹੀ ਬਹੁਤ ਨਹੀਂ ਹੈ ਸਗੋਂ ਰੱਬ ਅਤੇ ਯੌਮਿ ਆਖ਼ਰਤ ਉਪੱਰ ਇਮਾਨ ਦੇ ਨਾਲ ਆਉਣਾ ਜ਼ਰੂਰੀ ਹੈ ਅਤੇ ਜੋ ਇਹ ਸੋਚ ਰਖੱਣ ਵਾਲਾ ਹੋਵੇਗਾ ਉਸ ਨੂੰ ਰੱਬ ਦਾ ਖ਼ੌਫ਼ ਵੀ ਹੋਵੇਗਾ ਉਹ ਮਸਜਿਦਾਂ ਵਿੱਚ ਆਣਕੇ ਫ਼ਿਤਨੇ ਤੇ ਉਪਦੱਰ ਨਹੀਂ ਕਰੇਗਾ ਉਹ ਉਹਨਾ ਨਮਾਜ਼ੀਆਂ ਵਿੱਚ ਸ਼ਾਮਲ ਨਹੀਂ ਹੋਵੇਗਾ ਜਿੰਨ੍ਹਾ ਦੀਆਂ ਨਮਾਜ਼ਾਂ

ਉਹਨਾਂ ਲਈ ਤਬਾਹੀ ਦਾ ਸਬਬ ਹੁੰਦੀਆਂ ਹਨ । ਸੋ, ਜੋ ਤਕਵਾ (ਸੰਜਮਤਾ) ਉਪੱਰ ਕਾਇਮ ਰਹਿੰਦਿਆਂ ਹੋਇਆਂ ਮਸਜਿਦਾਂ ਨੂੰ ਅਬਾਦ ਕਰਦੇ ਹਨ ਉਹ ਰੱਬ ਦੇ ਹੱਕਾਂ ਦੀ ਅਦਾਇਗੀ ਵੀ ਕਰਦੇ ਹਨ ਅਤੇ ਹਕੂਕੁਲ ਇਬਾਦ (ਰੱਬ ਦੀ ਪ੍ਰਕ੍ਰਿਤੀ) ਦੇ ਹੱਕਾਂ ਦੀ ਅਦਾਇਗੀ ਵੀ ਕਰਦੇ ਹਨ । ਅਜਿਹੇ ਲੋਕਾਂ ਨੂੰ ਖ਼ੁਸ਼ਖ਼ਬਰੀ ਦਿੰਦਿਆਂ ਹੋਇਆਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਕਯਾਮਤ (ਪਰਲੈ) ਦੇ ਦਿਨ ਰੱਬ ਫ਼ਰਿਸ਼ਤਿਆਂ ਨੂੰ ਫ਼ਰਮਾਏਗਾ ਕਿ ਮੇਰੇ ਬੰਦਿਆਂ ਦੀ ਨਮਾਜ਼ ਨੂੰ ਦੇਖੋ ਜਿੰਨ੍ਹਾ ਦੀਆਂ ਨਮਾਜ਼ਾਂ ਪੂਰੀਆਂ ਹੋਣਗੀਆਂ ਉਹਨਾ ਦਾ ਹਿਸਾਬ ਸਾਫ਼ ਹੋ ਜਾਏਗਾ। ਫ਼ਿਰ ਫ਼ਰਮਾਉਂਦੇ ਹਨ ਕਿ ਜਿੰਨ੍ਹਾ ਦੀਆਂ ਨਮਾਜ਼ਾਂ ਵਿੱਚ ਕਮੀ ਰਹਿ ਜਾਏਗੀ ਉਹਨਾ ਬਾਰੇ ਕਹੇਗਾ ਕਿ ਇਸ ਦੀਆਂ ਨਫ਼ਲੀ ਇਬਾਦਤਾਂ ਦੇਖੋ । ਜੇਕਰ ਫ਼ਰਜ਼ ਨਮਾਜ਼ਾਂ ਵਿੱਚ ਕੋਈ ਕਮੀ ਰਹਿ ਗਈ ਹੋਵੇਗੀ ਤਾਂ ਉਸ ਨੂੰ ਨਫ਼ਲਾਂ ਨਾਲ ਪੂਰਾ ਕਰ ਦਿਓ ।

ਸੋ, ਜਿੱਥੇ ਇਹ ਖ਼ੁਸ਼ਖ਼ਬਰੀ ਹੈ ਉੱਥੇ ਇਹ ਰੱਬ ਦੀਆਂ ਮਿਹਰਾਂ ਨੂੰ ਜਜ਼ਬ ਕਰਨ ਲਈ ਨਫ਼ਲਾਂ ਦੀ ਅਦਾਇਗੀ ਵੱਲ ਧਿਆਨ ਦੁਆਇਆ ਗਿਆ ਹੈ । ਸੋ, ਮੋਮਿਨ ਉਹੋ ਹੈ ਜੋ ਰੱਬ ਦਾ ਖ਼ੌਫ਼ ਆਪਣੇ ਦਿਲ ਵਿੱਚ ਰਖੱਦਿਆਂ ਹੋਇਆਂ ਉਸ ਦੀਆਂ ਮਿਹਰਾਂ ਨੂੰ ਜਜ਼ਬ ਕਰਨ ਲਈ ਜਿੱਥੇ ਆਪਣੇ ਫ਼ਰਜ਼ਾਂ ਵੱਲ ਧਿਆਨ ਦਿੰਦੇ ਹਨ ਉੱਥੇ ਨਫ਼ਲਾਂ ਵੱਲ ਵੀ ਧਿਆਨ ਦਿੰਦੇ ਹਨ । ਸੋ, ਇਹ ਉਹ ਲੋਕ ਹਨ ਜੋ ਹਕੀਕਤ ਵਿੱਚ ਰੱਬ ਦਾ ਖ਼ੌਫ਼ ਆਪਣੇ ਅੰਦਰ ਰਖੱਦੇ ਹਨ ਅਤੇ ਤਕਵਾ ਉਪੱਰ ਚਲੱਣ ਵਾਲੇ ਹਨ । ਸੋ, ਇਸ ਪੱਖੋਂ ਹਰ ਇਕ ਨੂੰ ਆਪਣਾ ਜਾਇਜ਼ਾ ਲੈਂਣ ਦੀ ਲੋੜ ਹੈ ਕਿ ਕੀ ਸਾਡੇ ਵਿੱਚ ਇਹ ਗਲੱਾਂ ਹਨ ? ਹਕੀਕੀ ਰੂਪ ਵਿੱਚ ਇਬਾਦਤ ਕਰਨ ਵਾਲਾ ਹਰ ਪ੍ਰਕਾਰ ਦੀਆਂ ਨੇਕੀਆਂ ਨੂੰ ਅਪਨਾਉਣ ਦਾ ਜਤਨ ਕਰਦਾ ਹੈ । ਜੇਕਰ ਕਿਸੇ ਵਿੱਚ ਆਪਣੇ ਭਰਾ ਲਈ ਪ੍ਰੇਮ ਦੀਆਂ ਭਾਵਨਾਵਾਂ ਨਹੀਂ ਹਨ ਤਾਂ ਉਸ ਵਿੱਚ ਹਕੀਕੀ ਤਕਵਾ (ਸੰਜਮਤਾ) ਨਹੀਂ ਹੈ । ਜਿਸ ਵਿੱਚ ਨਰਮ ਦਿਲੀ ਨਹੀਂ ਹੈ ਉਹ ਵੀ ਆਪਣੀ ਫ਼ਿਕਰ ਕਰੇ, ਜਿਸ ਦੇ ਘਰ ਵਿੱਚ ਉਸਦੀ ਪਤਨੀ ਤੇ ਬੱਚੇ ਉਸ ਤੋਂ ਤੰਗ ਹਨ, ਉਹ ਵੀ ਤਕਵਾ ਤੋਂ ਖ਼ਾਲੀ ਹੈ । ਜੋ ਪਤਨੀਆਂ ਆਪਣੇ ਪਤੀਆਂ ਤੇ ਬੱਚਿਆਂ ਦੇ ਹੱਕ ਪੂਰੇ ਨਹੀਂ ਕਰਦੀਆਂ ਅਤੇ ਅਣਉਚਿਤ ਮੰਗਾ ਕਰਦੀਆਂ ਹਨ, ਉਹਨਾ ਦੇ ਦਿਲ ਵੀ ਤਕਵਾ ਤੋਂ ਖ਼ਾਲੀ ਹਨ । ਸੋ, ਆਪਸ ਵਿੱਚ ਸੰਬੰਧਾ ਵਿੱਚ ਜੋ ਰੱਬ ਖ਼ਾਤਰ ਪ੍ਰੇਮ ਤੇ ਨਰਮੀ ਦਾ ਵਰਤਾਉ ਕਰਨ ਵਾਲੇ ਹਨ ਉਹੋ ਹੀ ਹਕੀਕੀ ਤਕਵਾ ਉਪੱਰ ਕਾਇਮ ਹਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਅਲੱਾਹ ਕਯਾਮਤ ਦੇ ਦਿਨ ਫ਼ਰਮਾਏਗਾ ਕਿ ਕਿੱਥੇ ਹਨ ਉਹ ਲੋਕ ਜੋ ਮੇਰੇ ਜਲਾਲ ਅਤੇ ਮੇਰੀ ਵੱਡਿਆਈ ਲਈ ਇਕ ਦੂਜੇ ਨਾਲ ਪ੍ਰੇਮ ਕਰਦੇ ਸਨ ਅਤੇ ਜੱਦਕਿ ਮੇਰੇ ਪਰਛਾਵੇਂ ਤੋਂ ਬਿਨਾ ਕੋਈ ਹੋਰ ਪਰਛਾਵਾਂ ਪਹੀਂ ਹੈ ਮੈਂ ਆਪਣੇ ਰਹਮਤ ਦੇ ਪਰਛਾਵੇਂ ਹੇਠ ਥਾਂ ਦਿਆਂਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਸੀਂ ਇਹ ਨਾਅਰਾ ਲਾਉਂਦੇ ਹਾਂ ਕਿ "ਪ੍ਰੇਮ ਸਾਰਿਆਂ ਲਈ ਨਫ਼ਰਤ ਕਿਸੇ ਤੋਂ ਨਹੀਂ" ਤਾਂ ਪਹਿਲਾਂ ਆਪਣੇ ਘਰਾਂ ਅਤੇ ਆਪਣੇ ਸਮਾਜ ਵਿੱਚ ਪ੍ਰਕਟ ਕਰਨ ਦ ਲੋੜ ਹੈ ਤਾਂ ਦੁਨੀਆ ਵਿੱਚ ਵਾਸਤਵਿਕ ਰੂਪ ਵਿੱਚ ਸੰਦੇਸ਼ ਪਹੁੰਚਾ ਸਕੀਏ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ 'ਤੇ ਫ਼ਰਮਾਇਆ ਕਿ ਮੁਸਲਮਾਨ ਮੁਸਲਮਾਨ ਦਾ ਭਰਾ ਹੈ, ਉਹ ਉਸ 'ਤੇ ਜ਼ੁਲਮ ਨਹੀਂ ਕਰਦਾ ਅਤੇ ਨ ਹੀ ਉਸਨੂੰ ਇਕਲੱਾ ਤੇ ਵਖੱਰਾ ਛਡੱਦਾ ਹੈ । ਫ਼ਰਮਾਇਆ ਜੋ ਵਿਅਕਤੀ ਆਪਣੇ ਭਰਾ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਵਿੱਚ ਲੱਗਿਆ ਰਹਿੰਦਾ ਹੈ ਰੱਬ ਉਸ ਦੀਆਂ ਲੋੜਾਂ ਪੂਰੀਆਂ ਕਰਦਾ ਹੈ ਅਤੇ ਜਿਸ ਨੇ ਕਿਸੇ ਮੁਸਲਮਾਨ ਦੀ ਮੁਸੀਬਤ ਨੂੰ ਦੂਰ ਕੀਤਾ ਅਲੱਾਹ ਤਆਲਾ ਕਯਾਮਤ ਦੇ ਦਿਨ ਉਸ ਦੀਆਂ ਮੁਸੀਬਤਾ ਵਿੱਚੋਂ ਇਕ ਮੁਸੀਬਤ ਘੱਟ ਕਰ ਦਿੰਦਾ ਹੈ ਅਤੇ ਜੋ ਕਿਸੇ ਦੀ ਪਰਦਾਪੋਸ਼ੀ ਕਰਦਾ ਹੈ ਰੱਬ ਕਯਾਮਤ ਦੇ ਦਿਨ ਉਸ ਦੀ ਪਰਦਾਪੋਸ਼ੀ ਕਰੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾ ਦਿਨਾ ਵਿੱਚ ਜੱਦਕਿ ਸਾਡੇ ਵਿਚਾਰ ਨੇਕੀ ਵੱਲ ਆਕਰਸ਼ਤ ਹਨ ਤਾਂ ਆਪਣੇ ਜਾਇਜ਼ੇ ਲੈਂਦਿਆਂ ਹੋਇਆਂ ਆਪਣੀਆਂ ਇਬਾਦਤਾਂ ਦੇ ਨਾਲ ਹਕੂਕੁਲ ਇਬਾਦ ਦੀ ਅਦਾਇਗੀ ਵੱਲ ਵੀ ਧਿਆਨ ਦੇਣ । ਨਰਮ ਦਿਲੀ ਆਪਸ ਵਿੱਚ ਪ੍ਰੇਮ ਅਤੇ ਵਿਨਮ੍ਰਤਾ ਦੀ ਹਕੀਕਤ ਨੂੰ ਪਛਾਨਣ ਦਾ ਜਤਨ ਕਰਨ ਅਤੇ ਇਹ ਇਸ ਪੱਖੋਂ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾ ਬੈਅਤ ਦਾ ਪ੍ਰਣ ਕੀਤਾ ਹੈ ਉਸ ਵਿੱਚ ਸ਼ਿਰਕ (ਅਨੇਕ ਈਸ਼ਵਰਵਾਦ) ਤੋਂ ਪਰਹੇਜ਼ ਨਮਾਜ਼ਾਂ ਦੀ ਅਦਾਇਗੀ ਅਰਥਾਤ ਫ਼ਰਜ਼ ਨਮਾਜਾਂ ਤੇ ਨਫ਼ਲਾ ਦੀ ਅਦਾਇਗੀ ਦੇ ਨਾਲ ਅਸੀਂ ਇਹ ਪ੍ਰਣ ਵੀ ਕੀਤਾ ਹੈ ਕਿ ਅਸੀਂ ਸਾਧਾਰਣ ਤੌਰ'ਤੇ ਰੱਬ ਦੀ ਮਖ਼ਲੂਕ ਨੂੰ ਅਤੇ ਵਿਸ਼ੇਸ਼ ਤੌਰ'ਤੇ ਮੁਸਲਮਨਾ ਨੂੰ ਆਪਣੇ ਨਫ਼ਸਾਨੀ ਜੋਸ਼ਾਂ (ਭੌਤਕ ਆਵੇਗਾਂ) ਨਾਲ ਕਿਸੇ ਵੀ ਪ੍ਰਕਾਰ ਦਾ ਕਸ਼ਟ ਨਹੀਂ ਦਿਆਂਗੇ । ਕੀ ਅਸੀਂ ਇਸ ਅਨੁਸਾਰ ਅਮਲ ਕਰ ਰਹੇ ਹਾਂ । ਜੇਕਰ ਇਹ ਮਿਆਰ ਹਨ ਤਾਂ ਹੀ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਹਕੀਕੀ ਮੋਮਿਨ ਹਨ ਅਤੇ ਅਸੀਂ ਬੈਅਤ ਦਾ ਹੱਕ ਪੂਰਾ ਰਹੇ ਹਾਂ । ਹਜ਼ੂਰ ਅਨਵਰ ਨੇ ਫ਼ਰਮਾਇਆ : ਬੈਅਤ ਦੀ ਇਕ ਸ਼ਰਤ ਇਹ ਵੀ ਹੈ ਕਿ ਹੰਕਾਰ ਨੂੰ ਪੂਰੀ ਤਰ੍ਹਾਂ ਛਡੱਕੇ ਵਿਨਮ੍ਰਤਾ ਤੇ ਮਿਸਕੀਨੀ ਦਾ ਜੀਵਨ ਬਤੀਤ ਕਰਾਂਗਾ । ਇਹ ਵਿਨਮ੍ਰਤਾ ਤੇ ਮਿਸਕੀਨੀ ਪੈਦਾ ਕਰਨਾ ਕੇਵਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਲਸੇ ਦੇ ਉਦੇਸ਼ਿਆਂ ਵਿੱਚ ਇਕ ਉਦੇਸ਼ ਬਿਆਨ ਨਹੀਂ ਕੀਤਾ ਸਗੋਂ ਅਸੀਂ ਆਪ ਨਾਲ ਜੋ ਬੈਅਤ ਦਾ ਪ੍ਰਣ ਕੀਤਾ ਹੈ ਉਸ ਵਿੱਚ ਇਹ ਪ੍ਰਣ ਹੈ ਕਿ ਮੈਂ ਆਜਜ਼ੀ ਤੇ ਮਿਸਕੀਨੀ ਨਾਲ ਜੀਵਨ ਬਤੀਤ ਕਰਾਂਗਾ । ਸੋ, ਇਹ ਪ੍ਰਣ ਪੂਰਾ ਕਰਨਾ ਸਾਡੀ ਜ਼ਿੰਮੇਦਾਰੀ ਹੈ ਅਤੇ ਇਹੋ ਸਚੱਾਈ ਵੱਲ ਪਹਿਲਾ ਕਦਮ ਹੈ ਕਿ ਅਸੀਂ ਜੋ ਬੈਅਤ ਦਾ ਪ੍ਰਣ ਕੀਤਾ ਹੈ ਉਸਨੂੰ ਪੂਰਾ ਕਰੀਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਮੇਰੀ ਸਾਰੀ ਜਮਾਤ ਇਸ ਵਸੀਯੱਤ ਨੂੰ ਧਿਆਨ ਨਾਲ ਸੁਣੇ ਕਿ ਉਹ ਜੋ ਇਸ ਸਿਲਸਿਲੇ (ਜਮਾਤ) ਵਿੱਚ ਦਾਖ਼ਲ ਹੋਕੇ ਮੇਰੇ ਨਾਲ ਸ਼ਰਧਾ ਦਾ ਸੰਬੰਧ ਅਤੇ ਮੇਰੀ ਮੁਰੀਦੀ ਦਾ ਸੰਬੰਧ ਰਖੱਦੇ ਹਨ, ਇਸ ਤੋਂ ਭਾਵ ਇਹ ਹੈ ਕਿ ਉਹ ਨੇਕ ਚਲੱਣੀ, ਨੇਕ ਬਖ਼ਤੀ ਤੇ ਤਕਵਾ (ਸੰਜਮਤਾ) ਦੇ ਉਤੱਮ ਦਰਜਿਆਂ ਤੱਕ ਪਹੁੰਚ ਜਾਣ ਅਤੇ ਕੋਈ ਵੀ ਬੁਰਾਈ, ਸ਼ਰਾਰਤ ਤੇ ਬਦ ਚਲੱਣੀ ਉਹਨਾ ਦੇ ਨੇੜੇ ਵੀ ਨ ਆ ਸਕੇ । ਉਹ ਪੰਜ ਵੇਲੇ ਦੀਆਂ ਨਮਾਜ਼ਾਂ ਦੇ ਪਾਬੰਦ ਹੋਣ। ਉਹ ਝੂਠ ਨ ਬੋਲਣ, ਉਹ ਕਿਸੇ ਨੂੰ ਮੂੰਹ ਰਾਹੀ ਵੀ ਕਸ਼ਟ ਨ ਦੇਣ, ਉਹ ਕਿਸੇ ਪ੍ਰਕਾਰ ਦੀ ਬਦਕਾਰੀ ਦੇ ਭਾਗੀ ਨ ਹੋਣ, ਉਹ ਕਿਸੇ ਸ਼ਰਾਰਤ, ਜ਼ੁਲਮ, ਫ਼ਸਾਦ ਤੇ ਫ਼ਿਤਨੇ ਦਾ ਵਿਚਾਰ ਵੀ ਦਿਲ ਵਿੱਚ ਨ ਲਿਆਉਣ । ਭਾਵ ਹਰ ਪ੍ਰਕਾਰ ਦੀਆਂ ਬੁਰਾਈਆਂ, ਜੁਰਮਾ, ਬੇਕਦਰੀ, ਕੁਬੋਲਾਂ, ਨਫ਼ਸਾਨੀ ਜਜ਼ਬਿਆਂ (ਭੌਤਕ ਭਾਵਨਾਵਾਂ) ਅਤੇ ਵਿਅਰਥ ਹਰਕਤਾਂ ਤੋਂ ਬਚੇ ਰਹਿਣ । ਰੱਬ ਦੇ ਪਵਿਤੱਰ ਮਨ, ਭੋਲੇ ਤੇ ਗ਼ਰੀਬ ਮਿਜ਼ਾਜ ਬੰਦੇ ਬਣ ਜਾਣ ਅਤੇ ਕੋਈ ਵਿਸ਼ੈਲਾ ਗੁਣ ਉਹਨਾ ਦੇ ਵੁਜੂਦ ਵਿੱਚ ਨ ਰਹੇ । ਅਤੇ ਸਾਰਿਆਂ ਇਨਸਾਨਾ ਦੀ ਹਮਦਰਦੀ ਉਹਨਾ ਦਾ ਮੁਢੱਲਾ ਉਸੂਲ ਹੋਵੇ ਅਤੇ ਰੱਬ ਤੋਂ ਡਰਨ ਅਤੇ ਆਪਣੇ ਮੂੰਹ, ਆਪਣੇ ਹੱਥਾਂ ਅਤੇ ਆਪਣੇ ਮਨ ਦੇ ਵਿਚਾਰਾਂ ਨੂੰ ਹਰ ਇਕ ਨਾਪਾਕ ਤੇ ਬੁਰਾਈ ਭਰੇ ਤਰੀਕਿਆਂ ਅਤੇ ਬੇਈਮਾਨੀਆਂ ਤੋਂ ਬਚਾਉਣ । ਪੰਜ ਵੇਲੇ ਦੀਆਂ ਨਮਾਜ਼ਾਂ ਨੂੰ ਅਤਿਅੰਤ ਪ੍ਰਤੀਬਧੱਤਾ ਨਾਲ ਕਾਇਮ ਕਰਨ ਅਤੇ ਜ਼ੁਲਮ, ਅਤਿਆਚਾਰ, ਜ਼ੋਰਜਬਰੀ, ਗ਼ਬਨ, ਰਿਸ਼ਵਤਖ਼ੋਰੀ, ਹੱਕ ਮਾਰਨਾ ਅਤੇ ਐਵੇਂ ਹੀ ਕਿਸੇ ਦਾ ਪੱਖ ਲੈਂਣ ਤੋਂ ਬਾਜ਼ ਰਹਿਣ । ਕਿਸੇ ਭੈੜੀ ਸੰਗਤ ਵਿੱਚ ਨ ਬੈਠਣ ਅਤੇ ਚਾਹੀਦਾ ਹੈ ਕਿ ਕਿਸੇ ਧਰਮ ਅਤੇ ਕਿਸੇ ਕੌਮ ਅਤੇ ਕਿਸੇ ਦਲ ਦੇ ਵਿਅਕਤੀ ਨੂੰ ਹਾਣ ਪਹੁੰਚਾਉਣ ਦਾ ਨਿਸ਼ਚਾ ਵੀ ਨ ਕਰਨ । ਹਰ ਇਕ ਲਈ ਸੱਚੇ ਉਪਦੇਸ਼ਕ ਬਣੋ ਅਤੇ ਚਾਹੀਦਾ ਹੈ ਕਿ ਸ਼ਰਾਰਤ ਕਰਨ ਵਾਲਿਆਂ, ਫ਼ਸਾਦ ਕਰਨ ਵਾਲਿਆਂ ਅਤੇ ਬਦ ਚਲੱਣਾ ਦੀ ਤੁਹਾਡੀ ਸਭਾ ਵਿੱਚੋਂ ਲਾਂਘਾ ਵੀ ਨ ਹੋਵੇ ਅਤੇ ਨ ਹੀ ਤੁਹਾਡੇ ਘਰਾਂ ਵਿੱਚ ਰਹਿ ਸਕਣ ਕਿ ਉਹ ਕਿਸੇ ਸਮੇਂ ਤੁਹਾਡੀ

ਠੋਕਰ ਦਾ ਸਬਬ ਹੋਣਗੇ । ਫ਼ਰਮਾਇਆ ਮੇਰੀ ਜਮਾਤ ਵਿੱਚ ਹਰ ਇਕ ਵਿਅਕਤੀ'ਤੇ ਲਾਜ਼ਮ ਹੋਵੇਗਾ ਕਿ ਇਹਨਾ ਸਾਰੀਆਂ ਵਸੀਯੱਤਾ ਉਪੱਰ ਕਾਰਬੰਦ ਹੋਣ । ਰੱਬ ਚਾਹੁੰਦਾ ਹੈ ਕਿ ਤੁਹਾਨੂੰ ਇਕ ਅਜਿਹੀ ਜਮਾਤ ਬਣਾ ਦੇਵੇ ਕਿ ਸਾਰੀ ਦੁਨੀਆ ਲਈ ਨੇਕੀ ਤੇ ਸੁਮਾਰਗ ਦਾ ਨਮੂਨਾ ਤੁਸੀਂ ਠਹਿਰੋ । ਤੁਸੀਂ ਹੁਸ਼ਿਆਰ ਹੋ ਜਾਓ ਅਤੇ ਵਾਸਤਵ ਵਿੱਚ ਨੇਕ ਦਿਲ ਅਤੇ ਗ਼ਰਬ ਨਿਵਾਜ਼ ਤੇ ਸੁਮਾਰਗੀ ਬਣ ਜਾਓ । ਤੁਸੀਂ ਪੰਜ ਵੇਲੇ ਦੀਆਂ ਨਮਾਜ਼ਾਂ ਅਤੇ ਆਚਰਣਕ ਹਾਲਤਾਂ ਨਾਲ ਪਛਾਣੇ ਜਾਓਗੇ ਅਤੇ ਜਿਸ ਵਿੱਚ ਬਦੀ ਦਾ ਬੀਜ ਹੈ ਉਹ ਫਿਰ ਨਸੀਹਤ ਉਪੱਰ ਕਾਇਮ ਨਹੀਂ ਰਹੇਗਾ ।

ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦਾ ਹੱਕ ਪੂਰਾ ਕਰਨ ਵਾਲੇ ਹੋਣ ਆਪ ਦੀਆਂ ਨਸੀਹਤਾਂ ਤੇ ਆਸ਼ਾਵਾਂ ਉਪੱਰ ਅਸੀਂ ਪੂਰੇ ਉਤਰਨ ਵਾਲੇ ਹੋਈਏ ਅਤੇ ਅਸੀਂ ਇਸ ਜਲਸੇ ਤੋਂ ਵੱਧ ਤੋਂ ਵੱਧ ਲਾਭ ਚੁਕੱਣ ਵਾਲੇ ਹੁੰਦਿਆਂ ਹੋਇਆਂ ਆਪਣੇ ਧਾਰਮਕ, ਆਤਮਕ ਤੇ ਵਿਦਿਅਕ ਹਾਲਾਤਾਂ ਨੂੰ ਸੁਧਾਰਣ ਵਾਲੇ ਵੀ ਹੋਈਏ ਅਤੇ ਇਹ ਨੇਕੀਆਂ ਫਿਰ ਸਦਾ ਲਈ ਸਾਡੇ ਵਿੱਚ ਕਾਇਮ ਵੀ ਰਹਿਣ ।

## ★★★★ ਖ਼ੁਤਬਾ ਸਾਨੀਆ ★★★★

**Khulasa Khutba Jumma 04.10.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131